## ਭਗਤ ਨਾਮਦੇਵ - ਸਬਦ ੩੭

## ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥

## ਰਾਗੁ ਮਾਰੂ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੦੫

ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥
ਮੁਕਤਿ ਭਇਓ ਚਉਹੂੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ ॥੧॥
ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥
ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥੧॥ ਰਹਾਉ ॥
ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ ॥
ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ ॥੨॥
ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ ॥
ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ ॥੩॥
ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ ॥
ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ ॥੪॥੧॥

ਸਾਰ: ਰੂਹਾਨੀ ਸ਼ਰਧਾ ਜਾਂ ਭਗਤੀ ਦੀ ਸ਼ੁਰੂਆਤ ਇਕ ਅੰਤਰੀਵੀ ਯਾਤਰਾ ਵਜੋਂ ਹੁੰਦੀ ਹੈ, ਜਦੋਂ ਸੱਚ ਦੀ ਹਕੀਕੀ ਖੋਜ ਬਾਹਰੀ ਦਿੱਖਾਂ ਅਤੇ ਵਿਰਾਸਤ ਵਿਚ ਮਿਲੀਆਂ ਪਹਿਚਾਣਾਂ ਤੋਂ ਪਾਰ ਚਲੀ ਜਾਂਦੀ ਹੈ। ਨਿਮਰਤਾ ਅਤੇ ਸਵੈ-ਚਿੰਤਨ ਰਾਹੀਂ ਜਿਵੇਂ-ਜਿਵੇਂ ਜਾਗਰੂਕਤਾ ਦਾ ਉਦਭਵ ਹੁੰਦਾ ਹੈ, ਤਿਵੇਂ-ਤਿਵੇਂ ਮਨ ਹਉਮੈ ਅਤੇ ਸਵੈ-ਕੇਂਦਰਿਤ ਇਰਾਦਿਆਂ ਨਾਲੋਂ ਆਪਣੀ ਪਕੜ ਨੂੰ ਹੌਲੀ-ਹੌਲੀ ਢਿੱਲੀ ਕਰਨਾ ਸ਼ੁਰੂ ਕਰ ਦਿੰਦਾ ਹੈ। ਜਦੋਂ ਇਹ ਨਿਰਲੇਪਤਾ ਵਧੇਰੇ ਪ੍ਰਬਲ ਹੋ ਜਾਂਦੀ ਹੈ, ਤਾਂ ਅੰਤਰ-ਆਤਮਾ ਉਸ ਏਕਤਾ ਨੂੰ ਪਛਾਣਨ ਲੱਗ ਪੈਂਦੀ ਹੈ ਜੋ ਸਮੂਹ ਜੀਵਨ ਨੂੰ ਆਪਸ ਵਿਚ ਜੋੜਦੀ ਹੈ। ਇਸ ਸੂਝ ਵਿਚੋਂ ਦਇਆ, ਪ੍ਰਮਾਣਿਕਤਾ ਅਤੇ ਸੁਚੇਤ ਕਰਮ ਸੁਭਾਵਿਕ ਰੂਪ ਵਿਚ ਪ੍ਰਗਟ ਹੋਣ ਲੱਗਦੇ ਹਨ। ਇਕ ਭਗਤ ਜਾਂ ਸ਼ਰਧਾਲੂ ਇਸ ਰੁਪਾਂਤ੍ਰਣ ਦਾ ਰੂਪ ਹੋ ਜਾਂਦਾ ਹੈ; ਉਹ ਕੇਵਲ ਭਗਤੀ ਕਰਨ ਵਾਲਾ ਸ਼ਰਧਾਲੂ ਨਾ ਰਹਿ ਕੇ ਅੰਤਰੀਵੀ ਸੱਚ ਦੀ ਜੀਉਂਦੀ-ਜਾਗਦੀ ਮਿਸਾਲ ਬਣ ਜਾਂਦਾ ਹੈ। ਅਜਿਹੀ ਜੀਵਨ ਸ਼ੈਲੀ ਵਿਚ ਰੂਹਾਨੀਅਤ ਸਮੁੱਚੀ ਹੋਂਦ ਨਾਲ ਸਦਭਾਵਨਾ ਦਾ ਰੂਪ ਹੋ ਪ੍ਰਗਟ ਹੁੰਦੀ ਹੈ।

ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥
ਮੁਕਤੀ ਦੀਆਂ ਚਾਰ ਅਵਸਥਾਵਾਂ ਅਤੇ ਚਾਰ ਅਲੌਕਿਕ ਸ਼ਕਤੀਆਂ ਪਿਆਰੀ ਸਰਬ-ਵਿਆਪਕ ਹਕੀਕਤ ਦੀ ਸ਼ਰਨ ਵਿਚ ਇਕੱਠੀਆਂ ਹੋ ਜਾਂਦੀਆਂ ਹਨ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਮਨ ਸਰਬ-ਵਿਆਪਕ ਚੇਤਨਾ ਨਾਲ ਜੁੜ ਜਾਂਦਾ ਹੈ, ਤਾਂ ਅਸਾਧਾਰਣ ਪ੍ਰਾਪਤੀਆਂ ਅਤੇ ਅਲੌਕਿਕ ਸਿੱਧੀਆਂ ਵੀ ਗੌਣ ਹੋ ਜਾਂਦੀਆਂ ਹਨ।

ਮੁਕਤਿ ਭਇਓ ਚਉਹੂੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ ॥੧॥
ਜਦੋਂ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ, ਤਾਂ ਚਾਰਾਂ ਯੁੱਗਾਂ ਦੇ ਅਸਲ ਭੇਦ ਦੀ ਸਮਝ ਆ ਜਾਂਦੀ ਹੈ, ਜਿਸ ਨਾਲ ਸਿਰ ਉੱਤੇ ਰਾਜਸੀ ਛੱਤਰ ਦੇ ਯੋਗ ਮਾਣ-ਸਨਮਾਨ ਦੀ ਪ੍ਰਾਪਤੀ ਹੁੰਦੀ ਹੈ। ਇਹ ਭਾਵ ਉਸ ਇਰਾਦੇ ਨੂੰ ਦਰਸਾਉਂਦਾ ਹੈ ਜੋ ਆਪਣੇ ਸਨਮਾਨ ਅਤੇ ਸੱਚਾਈ ਲਈ ਕਿਸੇ ਬਾਹਰੀ ਕ੍ਰਿਪਾ ਦ੍ਰਿਸ਼ਟੀ ਉਪਰ ਨਹੀਂ ਟਿਕਿਆ ਹੁੰਦਾ। (੧)

ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥
ਸਰਬਸਾਂਝੀ ਚੇਤਨਾ ਦੇ ਚਿੰਤਨ ਰਾਹੀਂ ਅਜਿਹਾ ਕੌਣ ਹੈ ਜਿਸ ਨੇ ਸੰਸਾਰ-ਸਾਗਰ ਨੂੰ ਪਾਰ ਨਾ ਕੀਤਾ ਹੋਵੇ? ਇਹ ਦ੍ਰਿਸ਼ਟਾਂਤ ਦਰਸਾਉਂਦਾ ਹੈ ਕਿ ਜਦੋਂ ਸਾਡਾ ਧਿਆਨ ਸਮੁੱਚੀ ਸ੍ਰਿਸ਼ਟੀ ਦੀ ਏਕਤਾ ਉੱਤੇ ਟਿਕ ਜਾਂਦਾ ਹੈ, ਤਾਂ ਮਨ ਸੁਭਾਵਕ ਤੌਰ 'ਤੇ ਡਰ ਅਤੇ ਖੰਡਿਤ ਧਾਰਨਾਵਾਂ ਤੋਂ ਉੱਪਰ ਉੱਠ ਜਾਂਦਾ ਹੈ।

ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥੧॥ ਰਹਾਉ ॥
ਰੂਹਾਨੀ ਸੂਝ ਅਤੇ ਰੂਹਾਨੀ ਸੰਗਤ ਸਭ ਤੋਂ ਸਮਰਪਿਤ ਸ਼ਰਧਾਲੂ ਲਈ ਸਤਿਕਾਰਯੋਗ ਪਦਵੀ ਪ੍ਰਾਪਤ ਕਰਦੇ ਹਨ। ਇਹ ਯਾਤਰਾ ਉਸ ਰੁਪਾਂਤ੍ਰਣ ਨੂੰ ਦਰਸਾਉਂਦੀ ਹੈ ਜਿਸ ਵਿਚ ਸਾਡੀ ਚੇਤਨਾ ਅਤੇ ਪਰਸਪਰ ਪ੍ਰਭਾਵ ਅਗਿਆਨਤਾ ਤੋਂ ਜਾਗਰੂਕਤਾ ਵੱਲ ਸਾਨੂੰ ਉੱਚਾ ਚੁੱਕਦੇ ਹਨ। (੧)(ਠਹਿਰਾਉ)

ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ ॥
ਸ਼ੰਖ ਸਦਭਾਵਨਾ ਦਾ, ਚੱਕਰ ਆਤਮਿਕ ਸਾਹਸ, ਮਾਲਾ ਦਿਆਨਤਦਾਰੀ ਭਰਪੂਰ ਮਰਿਯਾਦਾ ਅਤੇ ਮੱਥੇ ਦਾ ਤਿਲਕ ਏਕਮ ਸਤਾ ਪ੍ਰਤੀ ਸਮਰਪਣ ਦਾ ਪ੍ਰਤੀਕ ਹਨ। ਇਨ੍ਹਾਂ ਗੁਣਾਂ ਦੀ ਮਹਾਨਤਾ ਨੂੰ ਵੇਖ ਕੇ ਨਕਾਰਾਤਮਕਤਾ ਭੈਭੀਤ ਹੋ ਜਾਂਦੀ ਹੈ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਸਕਾਰਾਤਮਕ ਗੁਣ ਨਕਾਰਾਤਮਕ ਪ੍ਰਵਿਰਤੀਆਂ ਉੱਤੇ ਜਿੱਤ ਪ੍ਰਾਪਤ ਕਰਦੇ ਹਨ ਅਤੇ ਉਨ੍ਹਾਂ ਨੂੰ ਭੈਭੀਤ ਕਰ ਦਿੰਦੇ ਹਨ।

ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ ॥੨॥
ਨਿਡਰਤਾ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਨਾਲ ਸਰਬ-ਵਿਆਪਕ ਹਕੀਕਤ ਦੀ ਸ਼ਕਤੀ ਹੋਰ ਪ੍ਰਬਲ ਹੋ ਜਾਂਦੀ ਹੈ ਅਤੇ ਜਨਮ-ਮਰਨ ਦੇ ਦੁੱਖ ਨੂੰ ਦੂਰ ਕਰ ਦਿੰਦੀ ਹੈ। ਇਹ ਭਾਵ ਉਸ ਆਤਮ-ਵਿਸ਼ਵਾਸ ਨੂੰ ਦਰਸਾਉਂਦਾ ਹੈ ਜੋ ਮਨ ਵਿਚ ਅਮਰ ਸੱਚ ਦੀ ਪਛਾਣ ਹੋਣ ਨਾਲ ਉਪਜਦਾ ਹੈ ਅਤੇ ਅਣਜਾਣਤਾ ਦੇ ਡਰ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। (੨)

ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ ॥
ਅੰਬਰੀਕ ਨੂੰ ਨਿਰਭੈਤਾ ਦੀ ਅਵਸਥਾ ਪ੍ਰਾਪਤ ਹੋਈ ਅਤੇ ਬਿਭੀਸ਼ਣ ਨੂੰ ਰਾਜ ਦੀ ਸਿਰਮੌਰ ਪਦਵੀ ਦੀ ਬਖ਼ਸ਼ੀਸ ਪ੍ਰਾਪਤ ਹੋਈ। ਇਹ ਮਿਥਿਹਾਸਕ ਹਵਾਲਾ ਉਨ੍ਹਾਂ ਆਦਰਸ਼ ਪਾਤਰਾਂ ਵੱਲ ਸੰਕੇਤ ਕਰਦਾ ਹੈ, ਜਿਨ੍ਹਾਂ ਨੇ ਸੱਚੇ ਆਚਰਨ ਅਤੇ ਸੱਚ-ਅਧਾਰਿਤ ਮਨੋਭਾਵ ਰਾਹੀਂ ਅੰਤਰੀਵੀ ਸਥਿਰਤਾ ਅਤੇ ਆਤਮਿਕ ਬਲ ਪ੍ਰਾਪਤ ਕੀਤਾ।

ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ ॥੩॥
ਸਰਬ-ਵਿਆਪਕ ਸਤਾ ਨੇ ਸੁਦਾਮਾ ਨੂੰ ਨੌ ਨਿਧੀਆਂ ਬਖ਼ਸ਼ੀਆਂ, ਅਤੇ ਧ੍ਰੂਵ ਅਡੋਲ ਅਵਸਥਾ ਨੂੰ ਪ੍ਰਾਪਤ ਹੋ ਕੇ ਸਦਾ ਲਈ ਅਟੱਲ ਹੋ ਗਏ। ਇਹ ਭਾਵ ਆਤਮਿਕ ਇਕਸੁਰਤਾ ਦੇ ਦੋ ਫਲਾਂ ਵੱਲ ਸੰਕੇਤ ਕਰਦਾ ਹੈ: ਇਕ ਪਾਸੇ ਸੰਤੋਖ, ਜੋ ਅੰਤਰੀਵੀ ਭਰਪੂਰਤਾ ਦਾ ਅਨੁਭਵ ਕਰਵਾਉਂਦਾ ਹੈ, ਅਤੇ ਦੂਜੇ ਪਾਸੇ ਅਡੋਲ ਨੈਤਿਕ ਦ੍ਰਿੜਤਾ, ਜੋ ਸਮੇਂ ਅਤੇ ਹਾਲਾਤਾਂ ਦੇ ਬਦਲਾਅ ਨਾਲ ਵੀ ਡੋਲਦੀ ਨਹੀਂ। (੩)

ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ ॥
ਆਤਮਿਕ ਸਮਰਪਣ ਵਾਲੀ ਮਨੋਬਿਰਤੀ ਦੀ ਰੱਖਿਆ ਲਈ, ਹਰਨਾਖਸ਼, ਹਉਮੈਂ ਕੇਂਦਰਿਤ ਮਨੋਬਿਰਤੀ ਦਾ ਨਾਸ ਨਰਸਿੰਘ,ਸਰਬ-ਵਿਆਪਕ ਚੇਤਨਾ ਦੁਆਰਾ ਕੀਤਾ ਗਿਆ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਜਦੋਂ ਬਾਹਰੀ ਜਾਂ ਅੰਤਰੀਵੀ ਦਬਾਅ ਸੱਚਾਈ ਅਤੇ ਨਿਰਮਲਤਾ ਨੂੰ ਦਬਾਉਣ ਲੱਗਦੇ ਹਨ, ਤਾਂ ਅੰਤਰੀਵੀ ਸੱਚਾਈ ਦੀ ਰੱਖਿਆ ਲਈ ਜਾਗਰੂਕ ਚੇਤਨਾ ਆਪ ਹੀ ਸ਼ਕਤੀ ਦਾ ਰੂਪ ਧਾਰ ਲੈਂਦੀ ਹੈ।

ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ ॥੪॥੧॥

ਭਗਤ ਨਾਮਦੇਵ ਆਖਦੇ ਹਨ ਕਿ ਕੇਸ਼ਵ, ਜੋ ਸਰਬ-ਵਿਆਪਕ ਦੀ ਹਾਜ਼ਰਤਾ ਦਾ ਪ੍ਰਤੀਕ ਹੈ, ਸੱਚੀ ਸ਼ਰਧਾ ਨਾਲ ਪਤੀਜਦਾ ਹੈ; ਇਸੇ ਲਈ ਉਹ ਅੱਜ ਵੀ ਰਾਜਾ ਬਲੀ ਦੇ ਦੁਆਰ ਉੱਤੇ ਅਖੰਡ ਨੈਤਿਕਤਾ ਅਤੇ ਵਚਨ-ਨਿਭਾਉਣ ਦੇ ਪ੍ਰਤੀਕ ਵਜੋਂ ਖੜ੍ਹੇ ਹਨ। ਇਸ ਦਾ ਭਾਵ ਹੈ ਕਿ ਸੱਚੀ ਸ਼ਰਧਾ ਪਰਮ ਸੱਚ ਨੂੰ ਆਪਣੇ ਤੋਂ ਦੂਰ ਨਹੀਂ ਸਮਝਦੀ; ਸਗੋਂ ਮਨੁੱਖ ਦੀ ਅੰਤਰ-ਆਤਮਾ ਨੂੰ ਅਜਿਹਾ ਦੁਆਰ ਬਣਾ ਦਿੰਦੀ ਹੈ, ਜਿਸ ਰਾਹੀਂ ਸਰਬ-ਵਿਆਪਕ ਹਜ਼ੂਰੀ ਦਾ ਅਨੁਭਵ ਕੀਤਾ ਜਾ ਸਕਦਾ ਹੈ। (੪)(੧)

ਤੱਤ: ਭਗਤ ਨਾਮਦੇਵ ਇਕ ਗੂੜ੍ਹ ਵਿਰੋਧਾਭਾਸ ਨੂੰ ਉਜਾਗਰ ਕਰਦੇ ਹਨ ਕਿ ਭਾਵੇਂ ਮਨ ਲਗਾਤਾਰ ਸ਼ਕਤੀ, ਮੁਕਤੀ ਅਤੇ ਪ੍ਰਮਾਣਿਕਤਾ ਦੀ ਭਾਲ ਵਿਚ ਭਟਕਦਾ ਰਹਿੰਦਾ ਹੈ, ਪਰ ਅਸਲ ਆਜ਼ਾਦੀ ਉਸ ਵੇਲੇ ਪ੍ਰਗਟ ਹੁੰਦੀ ਹੈ ਜਦੋਂ ਇਹ ਆਪਣੀ ਇਸ ਨਿਰੰਤਰ ਦੌੜ ਨੂੰ ਰੋਕ ਕੇ ਆਤਮ-ਚਿੰਤਨ ਰਾਹੀਂ ਏਕਮਤਾ ਨੂੰ ਕਲਾਵੇ ਵਿਚ ਲੈਂਦਾ ਹੈ। ਉਹ ਮਿਥਿਹਾਸਕ ਪ੍ਰਤੀਕਾਂ ਦੀ ਵਰਤੋਂ ਕਰਕੇ ਅੰਤਰੀਵੀ ਆਤਮਿਕ ਅਨੁਭਵਾਂ ਨੂੰ ਰੂਪਮਾਨ ਕਰਦੇ ਹੋਏ ਕਹਿੰਦੇ ਹਨ ਕਿ ਅਨੰਤ ਅਤੇ ਸਰਬ-ਵਿਆਪਕ ਸਤਾ ਉਨ੍ਹਾਂ ਲਈ ਅਨੁਭਵਯੋਗ ਬਣਦੀ ਹੈ ਜੋ ਆਪਣੇ ਅਹੰਕਾਰ ਦਾ ਤਿਆਗ ਕਰਨ ਲਈ ਤਿਆਰ ਹੋਵੇ। ਇਹ ਸਮਰਪਣ ਮਨੁੱਖ ਦੀ ਸੰਕੋਚੀ ਅੰਤਰ-ਆਤਮਾ ਨੂੰ ਦ੍ਰਿੜ੍ਹ, ਜਾਗਰੂਕ ਅਤੇ ਸ਼ਕਤੀਸ਼ਾਲੀ ਚੇਤਨਾ ਵਿਚ ਰੁਪਾਂਤ੍ਰਿਤਿ ਕਰ ਦਿੰਦੀ ਹੈ, ਜੋ ਹਰ ਕਿਸਮ ਦੀ ਨਕਾਰਾਤਮਕਤਾ ਦਾ ਸਾਹਮਣਾ ਕਰਨ ਦੇ ਯੋਗ ਬਣ ਜਾਂਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **[OnenessInDiversity.com]**

ਈਮੇਲ: **onenessindiversityfoundation@gmail.com**